BRAMPTON

Media Release

ਤੁਰੰਤ ਰਿਲੀਜ ਲਈ

## ਸਿਟੀ ਆਫ ਬ੍ਰੈਂਪਟਨ ਨੇ, ਪਾਕਿਸਤਾਨ ਵਿੱਚ ਨਿਵੇਸ਼ ਆਕਰਸ਼ਣ ਮਿਸ਼ਨ ਦੇ ਦੌਰਾਨ, GT20, BHive ਅਤੇ ਅਲਗੋਮਾ ਬ੍ਰੈਂਪਟਨ ਨੂੰ ਅੱਗੇ ਵਧਾਇਆ

ਬ੍ਰੈਂਪਟਨ, ਓਨਟੈਰੀਓ (12 ਮਈ, 2023) – ਸਿਟੀ ਆਫ ਬ੍ਰੈਂਪਟਨ ਨੇ ਇਸ ਹਫਤੇ ਪਾਕਿਸਤਾਨ (Pakistan) ਦਾ ਆਪਣਾ ਪਹਿਲਾ ਸਫਲ ਵਿਅਕਤੀਗਤ ਨਿਵੇਸ਼ ਮਿਸ਼ਨ ਪੂਰਾ ਕੀਤਾ, ਜਿੱਥੇ ਚੁਣੇ ਹੋਏ ਪ੍ਰਤੀਨਿਧੀਆਂ ਅਤੇ ਆਰਥਿਕ ਵਿਕਾਸ ਮਾਹਰਾਂ ਦਾ ਪ੍ਰਤੀਨਿਧੀ ਮੰਡਲ, ਸੰਭਾਵੀ ਭਵਿੱਖੀ ਨਿਵੇਸ਼ਕਾਂ ਅਤੇ ਕਾਰੋਬਾਰੀ ਭਾਈਵਾਲਾਂ ਨੂੰ ਮਿਲਿਆ।

ਇਸ ਮਿਸ਼ਨ ਦੀ ਅਗਵਾਈ, ਮੇਅਰ ਪੈਟਰਿਕ ਬ੍ਰਾਊਨ (Patrick Brown) ਨੇ ਕੀਤੀ ਅਤੇ ਇਸ ਵਿੱਚ ਸ਼ਾਮਲ ਸਨ, ਸਿਟੀ ਕਾਉਂਸਲਰ ਰੋਡ ਪਾਵਰ (Rod Power), ਕੈਨੇਡਾ ਪਾਕਿਸਤਾਨ ਬਿਜਨੇਸ ਕਾਉਂਸਿਲ (Canada Pakistan Business Council), ਪ੍ਰੈਜ਼ੀਡੈਂਟ ਅਤੇ ਅਲਗੋਮਾ ਯੂਨੀਵਰਸਿਟੀ (Algoma University) ਦੀ ਵਾਈਸ-ਚਾਂਸਲਰ, ਆਸਿਮਾ ਸੀ. ਵੇਜ਼ਿਨਾ (Asima C. Vezina) ਅਤੇ ਸਿਟੀ ਆਫ ਬ੍ਰੈਂਪਟਨ ਦੇ ਇਕੋਨੋਮਿਕ ਡਿਵੈਲਪਮੈਂਟ ਆਫਿਸ (Economic Development Office) ਦੇ ਮੈਂਬਰ, ਡਾਇਰੈਕਟਰ ਕਲੇਅਰ ਬਾਰਨੇਟ (Clare Barnett) ਸਮੇਤ।

ਇਹ ਪ੍ਰਤੀਨਿਧੀ ਮੰਡਲ, ਵੱਡੀਆਂ ਕੰਪਨੀਆਂ, ਨੈਟਸੋਲ ਟੈਕਨੋਲੋਜੀ (Netsol Technology) ਅਤੇ ਕੋਨਟੂਰ ਸੌਫਟਵੇਅਰ ਹਾਊਸ (Contour Software House) ਦੇ ਨਾਲ-ਨਾਲ, ਸਾਇਬਰਸਿਕਿਓਰਿਟੀ, ਮੈਡੀਕਲ ਟੈਕਨੋਲੋਜੀ ਅਤੇ ਐਡਵਾਂਸਡ ਮੈਨਯੂਫੈਕਚਰਿੰਗ ਦੇ ਐਗਜੀਕਿਊਟਿਵਾਂ ਨਾਲ ਮਿਲਿਆ, ਜੋ ਸਿਟੀ ਦੇ ਮਹੱਤਵਪੂਰਣ ਵਿਕਾਸ ਸੈਕਟਰਾਂ ਦੇ ਨਾਲ ਮਿਲਿਆ ਹੋਇਆ ਹੈ। ਸਿਟੀ ਆਫ ਬ੍ਰੈਂਪਟਨ ਨੇ, ਨਿਵੇਸ਼ ਆਕਰਸ਼ਣ ਮਿਸ਼ਨਾਂ ਲਈ ਕੇਂਦਰਿਤ ਖੇਤਰਾਂ ਨੂੰ ਟੀਚਾ ਬਣਾਇਆ, ਜੋ ਡੇਟਾ ਸੰਚਾਲਿਤ ਵਿਸ਼ਲੇਸ਼ਣ ਤੇ ਅਧਾਰਿਤ ਹੈ, ਇਸਤੋਂ ਪਤਾ ਚੱਲਦਾ ਹੈ ਕਿ ਪਿਛਲੇ ਅੰਤਰਰਾਸ਼ਟਰੀ ਯਤਨਾਂ, ਬ੍ਰੈਂਪਟਨ ਦੇ ਵੰਨ-ਸੁਵੰਨੇ ਪ੍ਰਵਾਸੀ ਭਾਈਚਾਰੇ, ਡੈਮੋਗ੍ਰਾਫਿਕ ਸਮਾਨਤਾਵਾਂ ਅਤੇ ਬਿਜਨੇਸ ਰਿਟੈਂਸ਼ਨ ਐਂਡ ਐਕਸਪੈਨਸ਼ਨ (Business Retention and Expansion) (BR&E) ਮੌਕਿਆਂ ਦੇ ਅਧਾਰ ਤੇ ਕਿਹੜੀਆਂ ਮਾਰਕੀਟਾਂ ਵਿੱਚ ਨਿਵੇਸ਼ ਦੇ ਸਭ ਤੋਂ ਸ਼ਾਨਦਾਰ ਮੌਕੇ ਅਤੇ ਲੰਮੀ-ਮਿਆਦ ਦਾ ਨੌਕਰੀ ਵਾਧਾ ਹੈ।

ਬ੍ਰੈਂਪਟਨ ਦੇ ਵਿਸਤਾਰ ਦੇ ਆਪਣੇ ਹਾਲੀਆ ਐਲਾਨ ਦੇ ਅਧਾਰ ਤੇ, ਮੇਅਰ ਬ੍ਰਾਊਨ ਨੇ, ਪਾਕਿਸਤਾਨ ਜਾਂਦੇ ਹੋਏ ਅਬੂ ਧਾਬੀ (Abu Dhabi) ਵਿੱਚ ਰੁਕਣ ਦੇ ਦੌਰਾਨ ਯੂਨਿਟੀ ਟੈਕਨੋਲੋਜੀ (Unity Technology) ਨਾਲ ਮੁਲਾਕਾਤ ਕੀਤੀ ਅਤੇ ਉਹਨਾਂ ਦੇ ਸੈਂਟਰ ਆਫ ਐਕਸੀਲੈਂਸ (Centre of Excellence) ਦਾ ਟੂਰ ਕੀਤਾ। ਬ੍ਰੈਂਪਟਨ ਦਾ ਇਨੋਵੇਸ਼ਨ ਡਿਸਟ੍ਰਿਕਟ (Innovation District) ਜਲਦੀ ਹੀ ਅਲਗੋਮਾ ਯੂਨੀਵਰਸਿਟੀ ਦੇ ਨਾਲ ਯੂਨਿਟੀ ਦੇ ਨੈਸ਼ਨਲ ਸੈਂਟਰ ਆਫ ਐਕਸੀਲੈਂਸ (National Centre of Excellence) ਦੀ ਜਗ੍ਹਾ ਹੋਵੇਗਾ, ਜੋ ਵੀਡਿਓ ਗੇਮਿੰਗ ਸੈਕਟਰ ਵਿੱਚ ਪ੍ਰਤਿਭਾ ਨੂੰ ਵਿਕਸਿਤ ਕਰੇਗਾ। PwC ਦੇ ਗਲੋਬਲ ਐਂਟਰਟੇਨਮੈਂਟ ਐਂਡ ਮੀਡੀਆ ਆਊਟਲੁਕ 2022-2026 (Global Entertainment & Media Outlook 2022-2026), 2026 ਵਿੱਚ ਗਲੋਬਲ ਵੀਡੀਓ ਗੇਮਸ ਅਤੇ ਐਸਪੋਰਟਸ ਦੀ ਮਾਲੀ ਆਮਦਨੀ, 323.5 ਮਿਲੀਅਨ ਅਮਰੀਕੀ ਡਾਲਰ ਵਧਣ ਦਾ ਪੂਰਵ ਅਨੁਮਾਨ ਦੱਸਦਾ ਹੈ। ਇਸ ਇੰਡਸਟਰੀ ਵਿੱਚ ਦੇਖੇ ਗਏ ਸ਼ਾਨਦਾਰ ਵਾਧੇ ਦੇ ਨਾਲ, ਸਿਟੀ ਇਸ ਮੌਕੇ ਤੇ ਧਿਆਨ ਕੇਂਦਰਿਤ ਕਰ ਰਹੀ ਹੈ ਅਤੇ ਬ੍ਰੈਂਪਟਨ ਵਿੱਚ ਭਵਿੱਖ ਦੀਆਂ ਨੌਕਰੀਆਂ ਲਿਆ ਰਹੀ ਹੈ।

ਕਰਾਚੀ, ਪਾਕਿਸਤਾਨ (Karachi, Pakistan) ਵਿੱਚ, ਮੇਅਰ ਬ੍ਰਾਊਨ, ਪਾਕਿਸਤਾਨ ਦੀ ਕ੍ਰਿਕੇਟ ਟੀਮ ਦੇ ਪੂਰਵ ਕਪਤਾਨ, ਸ਼ਾਹਿਦ ਅਫਰੀਦੀ (Shahid Afridi) ਨੂੰ ਮਿਲੇ। ਅਫਰੀਦੀ, ਇਸ ਗਰਮੀ GT20 ਕੈਨੇਡਾ (GT20 Canada) ਟੂਰਨਾਮੈਂਟ ਲਈ ਬ੍ਰੈਂਪਟਨ ਆਉਣਗੇ। ਬ੍ਰੈਂਪਟਨ ਜਲਦੀ ਹੀ ਕੈਨੇਡਾ ਦੀ ਕ੍ਰਿਕੇਟ ਰਾਜਧਾਨੀ ਬਣਨ ਵਾਲਾ ਹੈ ਕਿਉਂਕਿ ਇਹ ਆਪਣੀ ਸਿਟੀ ਲੈਂਡਸ (City Lands) ਸਾਈਟ ਤੇ ਸਰਬੋਤਮ ਮਲਟੀ-ਪਰਪਜ ਕ੍ਰਿਕੇਟ ਫੈਸਿਲਿਟੀ ਬਣਾਉਣ ਲਈ ਕੰਮ ਕਰ ਰਿਹਾ ਹੈ।

ਪ੍ਰਤੀਨਿਧੀ ਮੰਡਲ, ਭਵਿੱਖੀ ਸਹਿਯੋਗ ਮੌਕਿਆਂ ਨੂੰ ਰਣਨੀਤਿਕ ਬਣਾਉਣ ਲਈ, ਪੰਜਾਬ ਬੋਰਡ ਆਫ ਇਨਵੈਸਟਮੈਂਟ ਐਂਡ ਟ੍ਰੇਡ (Punjab Board of Investment and Trade) ਅਤੇ ਪੰਜਾਬੀ ਆਈ.ਟੀ. ਬੋਰਡ (Punjab IT Board) ਨੂੰ ਵੀ ਮਿਲਿਆ। ਬ੍ਰੈਂਪਟਨ ਕੋਲਿਸ਼ਨ (Collision) ਦੇ ਦੌਰਾਨ, ਜੋ ਦੁਨੀਆ ਦੀਆਂ ਸਭ ਤੋਂ ਵੱਡੀਆਂ ਟੈਕ ਕਾਨਫਰੰਸਾਂ ਵਿੱਚੋਂ ਇੱਕ ਹੈ ਅਤੇ ਜੂਨ ਵਿੱਚ ਟੋਰੋਂਟੋ ਰੀਜਨ (Toronto Region) ਵਿੱਚ ਹੋ ਰਹੀ ਹੈ, ਪਾਕਿਸਤਾਨ ਦੇ ਕਈ ਪ੍ਰਤੀਨਿਧੀ ਮੰਡਲਾਂ ਦੀ ਮੇਜਬਾਨੀ ਕਰਨ ਲਈ ਉਤਸ਼ਾਹਿਤ ਹੈ।

BHive, ਜੋ ਬ੍ਰੈਂਪਟਨ ਦੇ ਇਨੋਵੇਸ਼ਨ ਡਿਸਟ੍ਰਿਕਟ ਵਿੱਚ ਇੱਕ ਮੁੱਖ ਸਟਾਰਟ-ਅਪ ਇਨਕਿਊਬੇਟਰ ਹੈ, ਮਿਸ਼ਨ ਦੇ ਦੌਰਾਨ ਮਹੱਤਵਪੂਰਣ ਪ੍ਰਚਾਰ ਸਹਾਇਕ ਸੀ। ਇਸਦਾ ਗਲੋਬਲ ਐਂਟਰਪ੍ਰੀਨੀਅਰ ਇਨਕਿਊਬੇਸ਼ਨ ਪ੍ਰੋਗਰਾਮ (Global Entrepreneur Incubation Program), ਅੰਤਰਰਾਸ਼ਟਰੀ ਉੱਦਮੀਆਂ ਦੀ ਮਦਦ ਲਈ ਤਿਆਰ ਕੀਤਾ ਗਿਆ ਹੈ, ਤਾਂ ਜੋ ਉਹ ਉੱਤਰੀ ਅਮਰੀਕੀ (North American) ਮਾਰਕੀਟ ਵਿੱਚ ਸਫਲ ਹੋਣ ਲਈ ਲੋੜੀਂਦੇ ਵਸੀਲੇ ਪ੍ਰਾਪਤ ਕਰ ਸਕਣ, ਇਹ ਅੰਤਰਰਾਸ਼ਟਰੀ ਸਟਾਰਟਅਪਸ ਲਈ ਸੌਫਟ-ਲੈਂਡਿੰਗ ਥਾਂ ਬਣਾਉਂਦਾ ਹੈ ਅਤੇ ਇਸਨੂੰ ਬ੍ਰੈਂਪਟਨ ਵਿੱਚ ਵਿਸਤਾਰ ਚਾਹੁਣ ਵਾਲੇ ਨਿਰਮਾਤਾਵਾਂ ਦੇ ਨਾਲ ਕਈ ਮੀਟਿੰਗਾਂ ਵਿੱਚ ਮਹੱਤਵਪੂਰਣ ਸਹਾਇਤਾ ਵਜੋਂ ਸ਼ਾਮਲ ਕੀਤਾ ਗਿਆ ਸੀ।

BHive, ਇਸ ਬਸੰਤ ਅਗਲੀ ਟੋਲੀ ਵਿੱਚ ਪਾਕਿਸਤਾਨੀ ਸਟਾਰਟਅਪਸ ਦਾ ਸੁਆਗਤ ਕਰਨ ਲਈ ਉਤਸ਼ਾਹਿਤ ਹੈ, ਜਿਸ ਵਿੱਚ ਸ਼ਾਮਲ ਹਨ, ਮਾਈਟਿਊਟਰਪੌਡ (MyTutorPod) ਦੇ ਕੋ-ਫਾਊਂਡਰ ਅਤੇ ਸੀ.ਈ.ਓ. (CEO) ਆਰਸਲਨ ਕਯਾਨੀ (Arsalan Kayani)। ਇਹ ਇੱਕ ਐਡਟੈਕ (Edtech) ਪਲੇਟਫਾਰਮ ਹੈ, ਜਿਸਦਾ ਉਦੇਸ਼ ਵਿਦਿਆਰਥੀਆਂ ਲਈ, ਵਿਅਕਤਗਤੀ ਲੋੜਾਂ ਦੇ ਅਧਾਰ ਤੇ, ਕਿਫਾਇਤੀ ਟਿਊਸ਼ਨ ਤੱਕ ਪਹੁੰਚ ਅਤੇ ਉਪਲਬਧਤਾ, ਅੰਤਰਰਾਸ਼ਟਰੀ ਸਟਾਰਟਅਪਸ ਲਈ ਸੌਫਟ-ਲੈਂਡਿੰਗ ਥਾਂ ਲਈ ਲੋਕਾਂ ਤੱਕ ਪਹੁੰਚਾਉਣਾ ਹੈ, ਇਸਨੂੰ ਬ੍ਰੈਂਪਟਨ ਵਿੱਚ ਵਿਸਤਾਰ ਚਾਹੁਣ ਵਾਲੇ ਨਿਰਮਾਤਾਵਾਂ ਦੇ ਨਾਲ ਮੀਟਿੰਗਾਂ ਵਿੱਚ ਸ਼ਾਮਲ ਕੀਤਾ ਗਿਆ ਸੀ।

ਸਿਟੀ ਆਫ ਬ੍ਰੈਂਪਟਨ ਨੇ, ਨਿਵੇਸ਼ ਆਕਰਸ਼ਣ ਮਿਸ਼ਨਾਂ ਲਈ ਕੇਂਦਰਿਤ ਖੇਤਰਾਂ ਨੂੰ ਟੀਚਾ ਬਣਾਇਆ ਹੈ, ਜੋ ਡੇਟਾ ਸੰਚਾਲਿਤ ਵਿਸ਼ਲੇਸ਼ਣ ਤੇ ਅਧਾਰਿਤ ਹੈ, ਇਸਤੋਂ ਪਤਾ ਚੱਲਦਾ ਹੈ ਕਿ ਪਿਛਲੇ ਅੰਤਰਰਾਸ਼ਟਰੀ ਯਤਨਾਂ, ਬ੍ਰੈਂਪਟਨ ਦੇ ਵੰਨ-ਸੁਵੰਨੇ ਭਾਈਚਾਰੇ, ਡੈਮੋਗ੍ਰਾਫਿਕ ਸਮਾਨਤਾਵਾਂ ਅਤੇ ਬਿਜਨੇਸ ਰਿਟੈਂਸ਼ਨ ਐਂਡ ਐਕਸਪੈਨਸ਼ਨ (BR&E) ਮੌਕਿਆਂ ਦੇ ਅਧਾਰ ਤੇ ਕਿਹੜੀਆਂ ਮਾਰਕੀਟਾਂ ਵਿੱਚ ਨਿਵੇਸ਼ ਦੇ ਸਭ ਤੋਂ ਸ਼ਾਨਦਾਰ ਮੌਕੇ ਅਤੇ ਲੰਮੀ-ਮਿਆਦ ਦਾ ਨੌਕਰੀ ਵਾਧਾ ਹੈ।

**ਹਵਾਲੇ**

“ਇਸ ਵਰਗੇ ਮਿਸ਼ਨ, ਮਜ਼ਬੂਤ, ਵਿਵਹਾਰਕ ਰਿਸ਼ਤੇ ਬਣਾਉਣ ਲਈ ਮਹੱਤਵਪੂਰਣ ਹਨ, ਜਿਹਨਾਂ ਦੇ ਨਤੀਜੇ ਵਜੋਂ ਬ੍ਰੈਂਪਟਨ ਵਿੱਚ ਹੋਰ ਵਾਧਾ ਅਤੇ ਨਿਵੇਸ਼ ਹੁੰਦਾ ਹੈ। ਅਸੀਂ ਨਿੱਘੇ ਸੁਆਗਤ ਅਤੇ ਸਫਲ ਗੱਲਬਾਤਾਂ ਲਈ ਧੰਨਵਾਦੀ ਹਾਂ, ਜੋ ਕਾਰੋਬਾਰੀ ਵਾਧੇ ਲਈ ਹੋਈਆਂ ਸਨ ਅਤੇ ਸਿਟੀ ਇਸ ਗਰਮੀ GT20 ਕ੍ਰਿਕੇਟ ਟੂਰਨਾਮੈਂਟ ਦਾ ਆਯੋਜਨ ਕਰ ਰਹੀ ਹੈ। ਅਸੀਂ ਸਾਡੇ ਪ੍ਰੀਮੀਅਰ ਸਟਾਰਟਅਪ ਇਨਕਿਊਬੇਟਰ BHive ਦੇ ਦੁਆਰਾ ਪੂਰੀ ਦੁਨੀਆ ਤੋਂ ਬ੍ਰੈਂਪਟਨ ਵਿੱਚ ਆਉਣ ਵਾਲੇ ਉੱਭਰਦੇ ਕਾਰੋਬਾਰੀਆਂ ਦਾ ਸੁਆਗਤ ਕਰਨ ਲਈ ਉਤਸ਼ਾਹਿਤ ਹਾਂ ਕਿਉਂਕਿ ਅਸੀਂ ਇੱਕ ਸ਼ਾਨਦਾਰ ਹੋਣਹਾਰ ਕਾਰਜਬਲ, ਜੋ ਸਾਡੇ ਸ਼ਹਿਰ ਨੂੰ ਨਵੀਆਂ ਉੱਚਾਈਆਂ ਤੱਕ ਲਿਜਾਣ ਲਈ ਤਿਆਰ ਹੈ, ਦੇ ਨਾਲ ਇੱਕ ਇਨੋਵੇਟਿਵ, ਰਚਨਾਤਮਕ ਅਤੇ ਜੁੜੀ ਹੋਈ ਕਮਿਉਨਿਟੀ ਬਣਾ ਰਹੇ ਹਾਂ।”

- *ਪੈਟਰਿਕ ਬ੍ਰਾਊਨ (*Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

“ਸਿਟੀ ਆਫ ਬ੍ਰੈਂਪਟਨ ਦਾ ਇਕੋਨੋਮਿਕ ਡਿਵੈਲਪਮੈਂਟ ਆਫਿਸ, ਅਜਿਹੀਆਂ ਯੋਜਨਾਵਾਂ, ਪ੍ਰੋਜੈਕਟ ਅਤੇ ਪਹਿਲਕਦਮੀਆਂ ਵਿਕਸਿਤ ਕਰਨਾ ਜਾਰੀ ਰੱਖੇਗਾ, ਜੋ ਸ਼ਹਿਰ ਵਿੱਚ ਨਿਵੇਸ਼ ਲਿਆਉਣ ਵਾਸਤੇ ਮੁੱਖ ਮਾਰਕੀਟਾਂ ਵਿੱਚ ਨਿਵੇਸ਼ ਨੂੰ ਆਕਰਸ਼ਿਤ ਕਰਨ ਤੇ ਧਿਆਨ ਕੇਂਦਰਿਤ ਕਰਦੀਆਂ ਹਨ, ਕਾਫੀ ਹੱਦ ਤੱਕ ਪਾਕਿਸਤਾਨ ਵਿੱਚ ਇਸ ਮੌਜੂਦਾ ਨਿਵੇਸ਼ ਆਕਰਸ਼ਣ ਮਿਸ਼ਨ ਵਾਂਗ।”

*- ਕਲੇਅਰ ਬਾਰਨੇਟ (Clare Barnett), ਡਾਇਰੈਕਟਰ, ਇਕੋਨੋਮਿਕ ਡਿਵੈਲਪਮੈਂਟ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 90,000 ਤੋਂ ਵੱਧ ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca